BCM SCHOOL BASANT AVENUE
DUGRI LUDHIANA
ASSIGNMENT-2
CLASS- 6(PUNJABI)

**Q1** ਅਣਡਿੱਠਾ ਪੈਰ੍ਹਾ

ਇੱਕ ਪਿੰਡ ਵਿੱਚ ਹਰਿਆਲੀ ਨਾਲ ਭਰਪੂਰ ਬਾਗ ਸੀ। ਉਸ ਬਾਗ ਵਿੱਚ ਕਈ ਕਿਸਮਾਂ ਦੇ ਫਲਦਾਰ ਰੁੱਖ ਲੱਗੇ ਹੋਏ ਸਨ। ਪਿੰਡ ਦੇ ਲੋਕ ਅਕਸਰ ਬਾਗ ਵਿੱਚ ਸੈਰ ਕਰਨ ਆਉਂਦੇ ਸਨ। ਪੰਛੀਆਂ ਦੀ ਚਹਿਕ, ਠੰਢੀ ਛਾਂ ਤੇ ਸੁਹਣਾ ਮਾਹੌਲ ਬਾਗ ਦੀ ਸ਼ੋਭਾ ਵਧਾਉਂਦੇ ਸਨ। ਪਿੰਡ ਦੇ ਬੱਚੇ ਵੀ ਹਰ ਰੋਜ਼ ਖੇਡਣ ਲਈ ਉਥੇ ਆਉਂਦੇ। ਇਸ ਬਾਗ ਦੀ ਸੰਭਾਲ ਲਈ ਪਿੰਡ ਦੀ ਪੰਚਾਇਤ ਨੇ ਇੱਕ ਮਾਲੀ ਰੱਖਿਆ ਹੋਇਆ ਸੀ। ਮਾਲੀ ਸਵੇਰੇ-ਸ਼ਾਮ ਬਾਗ ਨੂੰ ਸਾਫ ਕਰਦਾ ਤੇ ਰੁੱਖਾਂ ਨੂੰ ਪਾਣੀ ਦੇਂਦਾ। ਬਾਗ ਦੀ ਸੁੰਦਰਤਾ ਕਾਰਨ ਪਿੰਡ ਵਿੱਚ ਰਹਿਣ ਵਾਲੇ ਲੋਕਾਂ ਨੂੰ ਸਾਫ-ਸੁਥਰਾ ਮਾਹੌਲ ਮਿਲਦਾ ਤੇ ਉਹ ਸਿਹਤਮੰਦ ਰਹਿੰਦੇ।

ਪ੍ਰਸ਼ਨ (Questions)

Q1. ਪਿੰਡ ਦੇ ਬਾਗ ਵਿੱਚ ਕੀ ਸੀ?
a) ਸਿਰਫ ਫੁੱਲ ( b) ਫਲਦਾਰ ਰੁੱਖ
c) ਖੇਤੀਬਾੜੀ ਦੇ ਖੇਤ (d) ਨਦੀ

Q2. ਬਾਗ ਵਿੱਚ ਲੋਕ ਕਿਉਂ ਆਉਂਦੇ ਸਨ?
a) ਪਾਣੀ -ਪੀਣ (b) ਸੈਰ ਕਰਨ
c) ਖਰੀਦਦਾਰੀ ਕਰਨ (d) ਮੱਛੀ ਫੜਨ

Q3. ਬਾਗ ਦੀ ਸੰਭਾਲ ਕੌਣ ਕਰਦਾ ਸੀ?
a) ਪਿੰਡ ਦੇ ਬੱਚੇ (b) ਪੰਚਾਇਤ ਦਾ ਸਰਪੰਚ
c) ਇੱਕ ਮਾਲੀ (d) ਪਿੰਡ ਦੇ ਅਧਿਆਪਕ

Q4. ਬਾਗ ਦੀ ਸੁੰਦਰਤਾ ਨਾਲ ਪਿੰਡ ਦੇ ਲੋਕਾਂ ਨੂੰ ਕੀ ਲਾਭ ਮਿਲਦਾ ਸੀ?
a) ਉਹਨਾਂ ਨੂੰ ਸਿਹਤਮੰਦ ਮਾਹੌਲ ਮਿਲਦਾ ਸੀ (b) ਉਹਨਾਂ ਨੂੰ ਫਲ ਮੁਫ਼ਤ ਮਿਲਦੇ ਸਨ
c) ਉਹਨਾਂ ਨੂੰ ਕੰਮ ਨਹੀਂ ਕਰਨਾ ਪੈਂਦਾ ਸੀ (d) ਉਹਨਾਂ ਨੂੰ ਪੈਸਾ ਮਿਲਦਾ ਸੀ

Q5. (ਮੁੱਲ ਪਰਖ ਪ੍ਰਸ਼ਨ )
ਜੇਕਰ ਬਾਗ ਵਿੱਚ ਰੁੱਖਾਂ ਦੀ ਥਾਂ ਇਮਾਰਤਾਂ ਬਣ ਜਾਂਦੀਆਂ, ਤਾਂ ਪਿੰਡ ਦੇ ਲੋਕਾਂ ਦੀ ਜ਼ਿੰਦਗੀ 'ਤੇ ਕੀ ਅਸਰ ਪੈ ਸਕਦਾ ਹੈ?
(ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ)

**Q-2**ਹੇਠਾਂ ਦਿੱਤੇ ਅਣਡਿੱਠੇ ਕਾਵਿ-ਟੋਟੇ ਨੂੰ ਪੜ੍ਹੋ ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ-

ਕੀੜੀ-ਕੀੜੀ ਕਹਿ ਕੇ ਉਸ ਨੂੰ ਐਵੇਂ ਨਾ ਦੁਰਕਾਰੋ,
ਕੀੜੀ ਭਾਵੇਂ ਨਿੱਕੀ ਦਿੱਸਦੀ, ਪਰ ਉਸ ਨੂੰ ਸਤਿਕਾਰੋ।
ਨਾ ਉਸ ਦੇ ਵਿੱਚ ਮਾਸ ਹੈ ਦਿੱਸਦਾ, ਨਾ ਦਿੱਸਦੀ ਹੈ ਖੱਲ,
ਨਿੱਕਾ-ਨਿੱਕਾ ਤਨ ਹੈ ਉਸ ਦਾ, ਵੱਡੀ ਉਸ ਦੀ ਗੱਲ।
ਨਾ ਕੁਝ ਸਾਨੂੰ ਬੋਲ ਸੁਣਾਵੇ, ਨਾ ਕੋਈ ਭਰੇ ਹੁੰਗਾਰਾ,
ਪਰ ਉਸ ਦੇ ਕੰਮ ਅਜਿਹੇ, ਧਿਆਨ ਜੋ ਖਿੱਚਣ ਸਾਰਾ।

ਪ੍ਰਸ਼ਨ /ਉੱਤਰ
ਪ੍ਰਸ਼ਨ - ਕੀੜੀ ਨੂੰ ਕੀ ਨਹੀਂ ਕਰਨਾ ਚਾਹੀਦਾ?
ਪ੍ਰਸ਼ਨ- ਕੀੜੀ ਦਾ ਸਰੀਰ ਕਿਹੋ ਜਿਹਾ ਹੁੰਦਾ ਹੈ?
ਪ੍ਰਸ਼ਨ- ਦੁਰਕਾਰੋ ਸ਼ਬਦ ਦਾ ਲੈਆਤਮਕ ਸ਼ਬਦ ਲਿਖੋ?

**Q-3** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਜਾਂ ਦੋ ਵਾਕਾਂ ਵਿੱਚ ਦਿਓ

1. ਅ ਨਾਲ ਕਿੰਨੀਆਂ ਲਗਾਂ ਲੱਗਦੀਆਂ ਹਨ,ਨਾਮ ਦੱਸੋ ਤੇ ਉਦਾਹਰਨ ਦਿਓ?
2. ਲਗਾਖਰ ਕੀ ਹੁੰਦੇ ਹਨ ਗੁਰਮੁਖੀ ਲਿਪੀ ਵਿੱਚ ਕਿੰਨੇ ਲਗਾਖਰ ਹਨ?ਉਦਾਹਰਨ ਦਿਓ?
3. ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹਨ ਨਾਮ ਦੱਸੋ?
4. ਕਥਨ (Statement): ਪੰਜਾਬੀ ਬੋਲੀ ਪੰਜਾਬੀ ਭਾਸ਼ਾ ਦਾ ਹੀ ਇੱਕ ਰੂਪ ਹੈ।

ਕਾਰਨ (Reason): ਕਿਉਂਕਿ ਹਰ ਇਲਾਕੇ ਵਿੱਚ ਲੋਕ ਆਪਣੀ ਅਪਣੀ ਬੋਲੀ ਬੋਲਦੇ ਹਨ।
(A) ਕਥਨ ਅਤੇ ਕਾਰਨ ਦੋਵੇਂ ਸਹੀ ਹਨ ਅਤੇ ਕਾਰਨ ਕਥਨ ਨੂੰ ਠੀਕ ਸਮਝਾਉਂਦਾ ਹੈ।
(B) ਕਥਨ ਅਤੇ ਕਾਰਨ ਦੋਵੇਂ ਸਹੀ ਹਨ ਪਰ ਕਾਰਨ ਕਥਨ ਨੂੰ ਨਹੀਂ ਸਮਝਾਉਂਦਾ।
(C) ਕਥਨ ਸਹੀ ਹੈ ਪਰ ਕਾਰਨ ਗਲਤ ਹੈ।

(D) ਕਥਨ ਗਲਤ ਹੈ ਪਰ ਕਾਰਨ ਸਹੀ ਹੈ।

5. ਖੁਸ਼ੀ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ?

A. ਗਮੀ B. ਅਨੰਦ C. ਮਜ਼ਾ D.ਸਜ਼ਾ

6. 'ਨਹਾਉਣ ਦੀ ਥਾਂ ਸਹੀ", ਵਾਕ ਦਾ ਇੱਕ ਸ਼ਬਦ ਚੁਣੋ?

A. ਗੁਸਲਖਾਨਾ B. ਦਵਾਖਾਨਾ C. ਘਰਾਨਾ D. ਕੋਠੜਾ

7. ਲੁਧਿਆਣਾ ਬਠਿੰਡਾ ਵਿੱਚ ਕਿਹੜੀ ਬੋਲੀ ਬੋਲੀ ਜਾਂਦੀ ਹੈ ਲਈ

A.ਮਲਵਈ B. ਦੁਆਬੀ C.ਮਾਝੀ D. ਪੋਠੋਹਾਰੀ

8. ਭਲਾਈ ਸ਼ਬਦ ਦਾ ਸਹੀ ਸਮਾਨਾਰਥਕ ਸ਼ਬਦ ਚੁਣੋ

A.ਉਪਕਾਰ B. ਓਪਰਾ C. ਸਹਿਣ D.ਤ੍ਰਿਪਤੀ

9. ਜੋੜਾ ਸ਼ਬਦ ਦਾ ਵਿਰੋਧੀ ਸ਼ਬਦ ਚੁਣੋ?

A. ਨਿਮਰ B. ਇਕੱਲਾ C. ਸਿਆਣਾ D. ਸਾਂਝਾ

10. ਮੁਹਾਵਰੇ( ਅਰਥ + ਵਾਕ)=A. ਉਲੂ ਬੋਲਣਾ B.ਆਟੇ ਵਿੱਚ ਲੂਣ ਹੋਣਾ